ਵੱਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ
(ਤਕਨੀਕੀ ਸਿੱਖਿਆ ਵਿੰਗ)
ਪਲਾਟ ਨੰ: 1-ਏ, ਸੈਕਟਰ 36-ਏ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/ਡਾਇਰੈਕਟਰ,
ਸਾਰੇ ਸਰਕਾਰੀ ਬਹੁਤਕਨੀਕੀ/ਸਹਾਇਤਾ ਪ੍ਰਾਪਤ/ਪ੍ਰਾਈਵੇਟ ਕਾਲਜ

ਮੀਮੋ ਨੰ: 175 ਟੀਈ/ 1੭੦ /ਵਰਕਸ਼ਾਪ/ਕੰਪਿਊਟਰ
ਮਿਤੀ: ੨1.2.2015

ਵਿਸ਼ਾ: Spoken Tururial Project ਅਧੀਨ ਟ੍ਰੇਨਿੰਗ ਕਰਵਾਉਣ ਸਬੰਧੀ।

ਇਸ ਰਾਹੀਂ ਪੂਜਾ ਸਿੰਘ, ਟ੍ਰੇਨਿੰਗ ਕੋਆਰਡੀਨੇਟਰ, ਸਪੋਕਨ ਟਿਊਟੋਰੀਅਲ ਪ੍ਰੋਜੈਕਟ ਵਲੋਂ ਪ੍ਰਾਪਤ ਈਮੇਲ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਬਹੁਤਕਨੀਕੀ ਕਾਲਜਾਂ ਦੇ ਵਿਦਿਆਰਥੀਆਂ ਲਈ ਉਹਨਾਂ ਦੇ ਵਿਭਾਗ ਦੀ ਵੈੱਬ ਸਾਈਟ ਤੋਂ ਨਵੇਂ ਕੋਰਸਾਂ ਦੀ ਲਿਸਟ ਡਾਊਨਲੋਡ ਕਰ ਲਈ ਜਾਵੇ ਜੋ ਕਿ ਪੰਜਾਬੀ ਭਾਸ਼ਾ ਵਿੱਚ ਵੀ ਉਪਲਬਧ ਹੈ ਅਤੇ ਉਸੇ ਅਨੁਸਾਰ ਵਿਦਿਆਰਥੀਆਂ ਨੂੰ ਫਰਵਰੀ, ਮਾਰਚ, 2015 ਵਿੱਚ ਟ੍ਰੇਨਿੰਗ ਮੁਹੱਈਆ ਕਰਵਾ ਦਿੱਤੀ ਜਾਵੇ ਅਤੇ ਇਸ ਦੀ ਕਾਰਵਾਈ ਰਿਪੋਰਟ 8 ਨੋਡਲ ਕਾਲਜਾਂ ਨੂੰ ਭੇਜ ਦਿੱਤੀ ਜਾਵੇ। ਇਸ ਸਬੰਧ ਵਿੱਚ ਜੇਕਰ ਕਿਸੇ ਤਰ੍ਹਾਂ ਦੀ ਕੋਈ ਔਕੜ ਪੇਸ਼ ਆਉਂਦੀ ਹੈ ਤਾਂ ਇਸ ਪ੍ਰੋਜੈਕਟ ਸਬੰਧੀ ਜਿਹੜੇ 8 ਕਾਲਜਾਂ ਨੂੰ ਨੋਡਲ ਕਾਲਜਿਜ ਲਗਾਇਆ ਹੋਇਆ ਹੈ ਉਹਨਾਂ ਨਾਲ ਸੰਪਰਕ ਕਰ ਲਿਆ ਜਾਵੇ ਜਾਂ ਫਿਰ ਈਮੇਲ ਵਿੱਚ ਦਰਸਾਏ ਗਏ ਪੂਜਾ ਸਿੰਘ, ਟ੍ਰੇਨਿੰਗ ਕੋਆਰਡੀਨੇਟਰ ਦੇ ਮੋਬਾਇਲ ਨੰ: 08600408189 ਤੇ ਸੰਪਰਕ ਕਰ ਲਿਆ ਜਾਵੇ ਅਤੇ ਇਸ ਦੀ ਰਿਪੋਰਟ ਇਸ ਦਫਤਰ ਉਸੇ ਅਨੁਸਾਰ ਭੇਜ ਦਿੱਤੀ ਜਾਵੇ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 175 ਟੀਈ/ [redacted] /ਵਰਕਸ਼ਾਪ/ਕੰਪਿਊਟਰ ਮਿਤੀ: [redacted]

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਨੂੰ ਉਪਰੋਕਤ ਵਿਸ਼ੇ ਸਬੰਧੀ ਵੰਡੇ ਗਏ ਕਾਲਜਾਂ ਤੋਂ ਇਹਨਾਂ ਟ੍ਰੇਨਿੰਗਾਂ ਦੀ ਰਿਪੋਰਟ ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜੀ ਜਾਵੇ।

1. ਸ਼੍ਰੀ ਮਨੋਜ ਜਾਂਬਲਾ, ਮੁਖੀ ਵਿਭਾਗ, ਸਰਕਾਰੀ ਬਹੁਤਕਨੀਕੀ ਕਾਲਜ (ਲ), ਲੁਧਿਆਣਾ
2. ਸ਼੍ਰੀਮਤੀ ਪਰੇਨੁਕਾ ਜਿੰਦਲ, ਸਿਸਟਮ ਮੈਨੇਜਰ, ਸਰਕਾਰੀ ਬਹੁਤਕਨੀਕੀ ਕਾਲਜ (ਲ), ਜਲੰਧਰ
3. ਸ਼੍ਰੀਮਤੀ ਰਕਸ਼ਾ ਕਿਰਨ, ਸਿਸਟਮ ਮੈਨੇਜਰ, ਸਰਕਾਰੀ ਬਹੁਤਕਨੀਕੀ ਕਾਲਜ, ਖੂਨੀਮਾਜਰਾ
4. ਸ੍ਰੀ ਹਰਪ੍ਰੀਤ ਸਿੰਘ ਸੋਚ, ਮੁਖੀ ਵਿਭਾਗ, ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ
5. ਸ੍ਰੀਮਤੀ ਜਸਵਿੰਦਰ ਕੌਰ, ਮੁਖੀ ਵਿਭਾਗ ਕੰਪਿਊਟਰ, ਸਰਕਾਰੀ ਬਹੁਤਕਨੀਕੀ ਕਾਲਜ, ਫਿਰੋਜ਼ਪੁਰ
6. ਸ਼੍ਰੀ ਨਰਿੰਦਰ ਸਿੰਘ ਢੀਂਡਸਾ, ਸੀਨੀਅਰ ਲੈਕਚਰਾਰ, ਸਰਕਾਰੀ ਬਹੁਤਕਨੀਕੀ ਕਾਲਜ (ਲ), ਪਟਿਆਲਾ
7. ਡਾ: ਸੁਸ਼ੀਲ ਕੁਮਾਰ, ਸਿਟਸਟ ਐਨਾਲਿਸਟ, ਸਰਕਾਰੀ ਬਹੁਤਕਨੀਕੀ ਕਾਲਜ, ਬਠਿੰਡਾ
8. ਸ੍ਰੀ ਸ਼ਿਵ ਰਾਜਨ ਪੁਰੀ, ਪ੍ਰੋਗਰਾਮਰ, ਸਰਕਾਰੀ ਬਹੁਤਕਨੀਕੀ ਕਾਲਜ, ਬਟਾਲਾ

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।